Punjabi

**ਮੈਟ੍ਰੋਪੋਲੀਟਨ ਪੁਲਿਸ ਸਰਵਿਸ ਬਾਰੇ**

ਮੈਟ੍ਰੋਪੋਲੀਟਨ ਪੁਲਿਸ ਸਰਵਿਸ (ਐਮ ਪੀ ਐੱਸ) ਦੀ ਸਥਾਪਨਾ ਸਰ ਰਾਬਰਟ ਪੀਲ ਨੇ ਸੰਨ 1829 ਵਿਚ ਕੀਤੀ ਸੀ, ਅਤੇ ਇਸ ਇਲਾਕਾਈ ਪੁਲਿਸ ਫ਼ੋਰਸ ਦੀ ਜ਼ਿੰਮੇਦਾਰੀ ਗਰੇਟਰ ਲੰਡਨ ਵਿਚ ਕਾਨੂੰਨ ਦੀ ਪਾਲਣਾ ਕਰਵਾਉਣਾ ਹੈ (ਪਰ ਇਹਦੇ ਇਲਾਕੇ ਵਿਚ ਸਿਟੀ ਆੱਵ ਲੰਡਨ ਸ਼ਾਮਿਲ ਨਹੀਂ ਹੈ, ਜਿਹਦੀ ਜ਼ਿੰਮੇਦਾਰੀ ਸਿਟੀ ਆੱਵ ਲੰਡਨ ਪੁਲਿਸ ਦੀ ਹੈ।

ਮੈਟ੍ਰੋਪੋਲੀਟਨ ਪੁਲਿਸ ਸਰਵਿਸ ਯੂਨਾਈਟਿਡ ਕਿੰਗਡਮ ਵਿਚ ਸਭ ਤੋਂ ਵੱਡੀ ਪੁਲਿਸ ਫ਼ੋਰਸ ਹੈ, ਜਿਸ ਵਿਚ 51,000 ਅਫ਼ਸਰ ਅਤੇ ਸਟਾਫ਼ ਦੇ ਲੋਕ ਕੰਮ ਕਰਦੇ ਹਨ। ਇਹਦੇ ਕੋਲ ਲੰਡਨ ਦੇ 32 ਬੋਰੋਆਂ ਵਿਚ 620 ਵਰਗ ਮੀਲ ਦਾ ਇਲਾਕਾ ਹੈ, ਅਤੇ ਇਹ 7.2 ਮਿਲੀਅਨ (72 ਲੱਖ) ਲੋਕਾਂ ਦੀ ਸੇਵਾ ਕਰਦੀ ਹੈ।

ਮੈਟ੍ਰੋਪੋਲੀਟਨ ਪੁਲਿਸ ਸਰਵਿਸ ਦੀ ਅਗਵਾਈ ਕਮਿਸ਼ਨਰ ਆੱਫ਼ ਪੁਲਿਸ ਆੱਵ ਦ ਮੈਟ੍ਰੋਪੋਲਿਸ ਕਰਦਾ ਹੈ, ਜਿਹਨੂੰ ਆਮ ਤੌਰ 'ਤੇ ਕਮਿਸ਼ਨਰ ਆਖਿਆ ਜਾਂਦਾ ਹੈ। ਕਮਿਸ਼ਨਰ ਮੈਟ੍ਰੋਪੋਲੀਟਨ ਪੁਲਿਸ ਅਥਾਰਿਟੀ ਸਾਹਵੇਂ ਜਵਾਬਦੇਹ ਹੈ। ਇਸ ਵੇਲੇ ਕਮਿਸ਼ਨਰ ਸਰ ਪਾਲ ਸਟੀਵਨਸਨ ਹਨ।

ਮੈਟ੍ਰੋਪੋਲੀਟਨ ਪੁਲਿਸ ਦਾ ਆਮ ਨਾਂ 'ਸਕਾਟਲੈਂਡ ਯਾਰਡ' ਵੀ ਹੈ, ਜੋ ਨਾਂ ਵੈਸਟਮਿੰਸਟਰ ਲੰਡਨ ਵਿਚ ਇਹਦੇ ਹੈੱਡਕਵਾਰਟਰਜ਼ ਦੇ ਨਿਊ ਸਕਾਟਲੈਂਡ ਵਿਚ ਹੋਣ ਕਰਕੇ ਪਿਆ ਹੈ।

**ਪੁਲਿਸ ਨਾਲ ਸੰਪਰਕ ਕਰਨਾ**

**ਹੰਗਾਮੀ ਹਾਲਤਾਂ ਵਿਚ**

ਕਿਸੇ ਹੰਗਾਮੀ ਹਾਲਤ ਵਿਚ ਤੁਹਾਨੂੰ ਨੰਬਰ 999 ਘੁਮਾਉਣਾ ਚਾਹੀਦਾ ਹੈ। ਇਸ ਸੇਵਾ ਦੀ ਵਰਤੋਂ ਤੁਹਨੂੰ ਸਿਰਫ਼ ਉਹਨਾਂ ਹਾਲਤਾਂ ਵਿਚ ਕਰਨੀ ਚਾਹੀਦੀ ਹੈ ਜਦ ਤੁਹਾਨੂੰ ਇਕਦਮ ਪੁਲਿਸ ਤੋਂ ਮਦਦ ਲੈਣ ਦੀ ਲੋੜ ਹੋਵੇ – ਜਿਵੇਂ ਕਿ ਜੇ ਇਸ ਵੇਲੇ ਕੋਈ ਜੁਰਮ ਹੋ ਰਿਹਾ ਹੋਵੇ, ਜਾਂ ਕਿਸੇ ਨੂੰ ਇਕਦਮ ਹੀ ਕੋਈ ਖ਼ਤਰਾ ਹੋਵੇ।

ਨੰਬਰ 999 'ਤੇ ਪੁਲਿਸ ਦੇ ਨਾਲ ਨਾਲ ਫ਼ਾਇਰ ਬ੍ਰਿਗੇਡ ਅਤੇ ਐਂਬੂਲੈਂਸ ਨੂੰ ਵੀ ਫ਼ੋਨ ਕਾੱਲਾਂ ਕੀਤੀਆਂ ਜਾਂਦੀਆਂ ਹਨ। ਇਸ ਕਰਕੇ, ਤੁਸੀਂ ਸਭ ਤੋਂ ਪਹਿਲਾਂ ਇਹ ਗੱਲ ਸਾਫ਼ ਸਾਫ਼ ਦੱਸੋ ਕਿ ਤੁਹਾਨੂੰ ਕਿਹੜੀ ਸੇਵਾ ਚਾਹੀਦੀ ਹੈ, ਅਤੇ ਇਹ ਵੀ ਦੱਸੋ ਕਿ ਤੁਸੀਂ ਕਿਹੜੀ ਬੋਲੀ ਬੋਲਦੇ ਹੋ। ਹੰਗਾਮੀ ਸੇਵਾਵਾਂ ਵਾਲਿਆਂ ਕੋਲ 170 ਬੋਲੀਆਂ ਵਿਚ ਗੱਲਬਾਤ ਸਮਝਾਉਣ ਲਈ ਲੈਂਗੁਏਜ ਲਾਈਨ ਦੇ ਇੰਟਰਪ੍ਰੇਟਰ ਹਨ।

**ਗ਼ੈਰ-ਹੰਗਾਮੀ ਹਾਲਤਾਂ ਵਿਚ**

ਜੇ ਤੁਹਾਨੂੰ ਪੁਲਿਸ ਨਾਲ ਗੱਲ ਕਰਨ ਦੀ ਲੋੜ ਹੈ, ਪਰ ਕੋਈ ਹੰਗਾਮੀ ਹਾਲਤ **ਨਹੀਂ,** ਤਾਂ ਤੁਹਾਨੂੰ ਇਹਨਾਂ ਵਿਚੋਂ ਕੋਈ ਕੰਮ ਕਰਨਾ ਚਾਹੀਦਾ ਹੈ -

- 24 ਘੰਟੇ ਚੱਲਣ ਵਾਲੀ ਨੌਨ-ਐਮਰਜੈਂਸੀ (ਗ਼ੈਰ-ਹੰਗਾਮੀ) ਲਾਈਨ ਨੂੰ ਨੰਬਰ 101 'ਤੇ ਫ਼ੋਨ ਕਰੋ।
- ਆਪਣੇ ਨੇੜੇ ਦੇ ਪੁਲਿਸ ਸਟੇਸ਼ਨ ਨਾਲ ਗੱਲ ਕਰੋ।

ਗ਼ੈਰ-ਹੰਗਾਮੀ ਹਾਲਤਾਂ ਵਿਚ, ਤੁਹਾਨੂੰ ਆਮ ਤੌਰ 'ਤੇ ਉਸ ਇਲਾਕੇ ਦੇ ਪੁਲਿਸ ਸਟੇਸ਼ਨ ਨਾਲ ਗੱਲ ਕਰਨੀ ਚਾਹੀਦੀ ਹੈ ਜਿੱਥੇ ਜੁਰਮ ਹੋਇਆ ਹੈ – ਫ਼ੋਨ ਰਾਹੀਂ ਜਾਂ ਖ਼ੁਦ ਪੁਲਿਸ ਸਟੇਸ਼ਨ ਜਾ ਕੇ ਫ਼੍ਰੰਟ ਆਫ਼ਿਸ ਨਾਲ ਜੋ ਆਮ ਲੋਕਾਂ ਲਈ ਖੁੱਲ੍ਹਾ ਹੁੰਦਾ ਹੈ।

ਤੁਹਾਡੇ ਨੇੜੇ ਦੇ ਪੁਲਿਸ ਸਟੇਸ਼ਨ ਨਾਲ ਸੰਪਰਕ ਕਰਨ ਬਾਰੇ ਜਾਣਕਾਰੀ ਲੈਣ ਲਈ ਇੱਥੇ ਕਲਿਕ ਕਰੋ।

- ਆਮ ਪੁੱਛ ਗਿੱਛ

ਆਮ ਪੁੱਛ ਗਿੱਛ ਕਰਨ ਲਈ ਸਾਡੇ ਨਾਲ ਇੱਥੇ ਸੰਪਰਕ ਕਰੋ -

General enquiries.
Metropolitan Police Service
New Scotland Yard
Broadway
London
SW1H 0BG
ਫ਼ੋਨ: 020 7230 1212 (24 ਘੰਟੇ ਸਵਿਚਬੋਰਡ)

**ਕ੍ਰਾਈਮਸਟੌਪਰਜ਼**

ਕ੍ਰਾਈਮਸਟੌਪਰਜ਼ ਪੂਰੇ ਯੂ ਕੇ ਜੁਰਮ ਨੂੰ ਰੋਕਣ ਲਈ ਕੰਮ ਕਰਨ ਵਾਲੀ ਸੁਤੰਤਰ ਚੈਰਿਟੀ ਸੰਸਥਾ ਹੈ। ਜੇ ਕਿਸੇ ਜੁਰਮ ਬਾਰੇ ਤੁਹਾਡੇ ਕੋਲ ਜਾਣਕਾਰੀ ਹੈ, ਅਤੇ ਤੁਸੀਂ ਆਪਣਾ ਨਾਂ ਨਹੀਂ ਦੱਸਣਾ ਚਾਹੁੰਦੇ, ਤਾਂ ਤੁਸੀਂ ਇਹਨਾਂ ਨੂੰ ਇਸ ਨੰਬਰ 'ਤੇ ਮੁਫ਼ਤ ਫ਼ੋਨ ਕਰੋ - 0800 555 111

**ਦਹਿਸ਼ਤਵਾਦ ਦੀ ਰਿਪੋਰਟ ਕਰਨਾ**

ਜੇ ਤੁਹਾਡੇ ਕੋਲ ਮੁਮਕਿਨ ਦਹਿਸ਼ਤਵਾਦੀ ਕੰਮਾਂ ਬਾਰੇ ਜਾਣਕਾਰੀ ਹੈ, ਤਾਂ ਤੁਸੀਂ ਐਂਟੀ-ਟੈਰਰਿਸਟ ਹੌਟਲਾਈਨ ਨਾਲ ਗੁਪਤ ਢੰਗ ਨਾਲ ਫ਼ੋਨ ਨੰਬਰ 0800 789 321'ਤੇ ਗੱਲ ਕਰੋ।

ਬੰਬਾਂ ਦੇ ਹੋ ਸਕਣ ਬਾਰੇ ਜਾਂ ਇਕਦਮ ਵਾਪਰ ਸਕਣ ਵਾਲੇ ਹੋਰ ਖ਼ਤਰਿਆਂ ਬਾਰੇ ਚੇਤਾਵਨੀ ਦੇਣ ਲਈ ਨੰਬਰ 999 'ਤੇ ਫ਼ੋਨ ਕਰੋ।